## **ਭਗਤ ਨਾਮਦੇਉ - ਸਬਦ ੧੫**

## **ਤਾ ਚੇ ਹੰਸਾ ਸਗਲੇ ਜਨਾਂ ॥**

## **ਰਾਗੁ ਧਨਾਸਰੀ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੬੯੩**

ਪਹਿਲ ਪੁਰੀਏ ਪੁੰਡਰਕ ਵਨਾ ॥

ਤਾ ਚੇ ਹੰਸਾ ਸਗਲੇ ਜਨਾਂ ॥

ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ ॥੧॥

ਪਹਿਲ ਪੁਰਸਾਬਿਰਾ ॥

ਅਥੋਨ ਪੁਰਸਾਦਮਰਾ ॥

ਅਸਗਾ ਅਸ ਉਸਗਾ ॥

ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥੧॥ ਰਹਾਉ ॥

ਨਾਚੰਤੀ ਗੋਪੀ ਜੰਨਾ ॥

ਨਈਆ ਤੇ ਬੈਰੇ ਕੰਨਾ ॥

ਤਰਕੁ ਨ ਚਾ ॥

ਭ੍ਰਮੀਆ ਚਾ ॥

ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥੨॥

ਪਿੰਧੀ ਉਭਕਲੇ ਸੰਸਾਰਾ ॥

ਭ੍ਰਮਿ ਭ੍ਰਮਿ ਆਏ ਤੁਮ ਚੇ ਦੁਆਰਾ ॥

ਤੂ ਕੁਨੁ ਰੇ ॥

ਮੈ ਜੀ ॥

ਨਾਮਾ ॥

ਹੋ ਜੀ ॥

ਆਲਾ ਤੇ ਨਿਵਾਰਣਾ ਜਮ ਕਾਰਣਾ ॥੩॥੪॥

**ਸਾਰ:** ਸਿੰਧ ਦਰਸ਼ਨ ਅਨੁਸਾਰ, ਪਰਮ ਸਤਾ ਦਾ ਅਗਾਜ਼ ਪ੍ਰਗਟ ਪਸਾਰੇ ਤੋਂ ਪਹਿਲਾਂ ਅਪ੍ਰਗਟ ਰੂਪ ਵਿਚ ਹੁੰਦਾ ਹੈ। ਇਹ ਅਵਸਥਾ ਬ੍ਰਹਿਮੰਡੀ ਚੇਤਨਾ ਦੇ ਤੱਤਸਾਰ (ਪੁਰਸ਼) ਦੇ ਉਭਾਰ (ਆਬਿਰਾ) ਨੂੰ ਦਰਸਾਉਂਦੀ ਹੈ। ਬਿਨਾਂ ਕਿਸੇ ਸ਼ਮੂਲੀਅਤ ਦੇ ਹੋਂਦ ਨੂੰ ਨਿਹਾਰਦਾ ਹੋਇਆ, ਇਸ ਅਵਸਥਾ ਵਿਚ ਪੁਰਸ਼, ਸਦੀਵੀ ਅਤੇ ਅਬਦਲ, ਇਕ ਮੋਨ ਨਿਰੀਖਕ ਵਜੋਂ ਕਰਮ ਕਰਦਾ ਹੈ। ਇਹ ਉਹ ਨੀਂਹ ਹੈ, ਜਿਸ ਉਪਰ ਸ੍ਰਿਸ਼ਟੀ ਦੇ ਪਸਾਰੇ ਦੇ ਨਿਰਮਾਣ ਦੇ ਹਾਲਾਤ ਪੈਦਾ ਹੁੰਦੇ ਹਨ, ਅਤੇ ਜਿਸ ਰਾਹੀਂ ਚੇਤਨਾ ਅਤੇ ਪਸਾਰੇ ਵਿਚਕਾਰ ਸੰਬੰਧ ਵੀ ਸਥਾਪਤ ਹੁੰਦਾ ਹੈ। ਇਹ ਪਰਸਪਰ ਪ੍ਰਭਾਵ ਮਨ, ਇੰਦਰੀਆਂ ਅਤੇ ਭੌਤਿਕ ਬ੍ਰਹਿਮੰਡ ਨੂੰ ਜਨਮ ਦਿੰਦਾ ਹੈ। ਪਰ ਜਦੋਂ ਸ੍ਰਿਸ਼ਟੀ ਪ੍ਰਗਟ ਹੁੰਦੀ ਹੈ, ਤਾਂ ਪੁਰਸ਼ ਇਸ ਦੇ ਪ੍ਰਭਾਵ ਤੋਂ ਮੁਕਤ ਹੀ ਰਹਿੰਦਾ ਹੈ, ਇਹ ਭਾਵ ਦਰਸਾਉਂਦਾ ਹੈ ਕਿ ਸਮੁੱਚਾ ਜੀਵਨ ਚੇਤਨਾ ਅਤੇ ਪਦਾਰਥ ਦੇ ਆਪਸੀ ਤਾਲਮੇਲ ਰਾਹੀਂ ਉਦਭਵ ਹੁੰਦਾ ਹੈ। ਸੂਰਜ ਦੀ ਤਰ੍ਹਾਂ ਜੋ ਕੁਦਰਤ ਨੂੰ ਪ੍ਰਕਾਸ਼ਮਾਨ ਕਰਦਾ ਹੈ, ਪੁਰਸ਼ ਜੀਵਨ ਰੂਪੀ ਖੇਡ ਦਾ ਨਿਰਮਾਣ ਅਤੇ ਨਿਰਬਾਹ ਕਰਦਾ ਹੋਇਆ ਆਪ ਇਸ ਤੋਂ ਅਭਿੱਜ ਰਹਿੰਦਾ ਹੈ।

ਪਹਿਲ ਪੁਰੀਏ ਪੁੰਡਰਕ ਵਨਾ ॥
ਜੰਗਲ ਵਿਚ ਪਹਿਲਾਂ ਕਮਲ ਖਿੜੇ। ਖਿੜਨ ਦਾ ਇਹ ਵਰਤਾਰਾ ਸੁਝਾਅ ਦਿੰਦਾ ਹੈ ਕਿ ਹੋਂਦ ਦੀ ਉਲਝਣਾਂ ਦੇ ਅੰਦਰ ਸਪਸ਼ਟਤਾ ਦਾ ਉਭਾਰ ਜਾਗਰੂਕਤਾ ਲਈ ਪਹਿਲਾ ਕਦਮ ਹੈ।

ਤਾ ਚੇ ਹੰਸਾ ਸਗਲੇ ਜਨਾਂ ॥
ਸਾਰੇ ਜੀਵ ਇਸ ਵਿਚ ਤੈਰ ਰਹੇ ਹੰਸ ਹਨ। ਇਹ ਭਾਵ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਜੀਵਨ ਦੇ ਵੱਖ-ਵੱਖ ਰੂਪ ਹੀ ਵਿਸ਼ਵਵਿਆਪੀ ਚੇਤਨਾ ਦਾ ਤੱਤਸਾਰ ਹਨ।

ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ ॥੧॥
ਇੱਥੋਂ ਤੱਕ ਕਿ ਦੇਵਤਾ ਕ੍ਰਿਸ਼ਨ ਵੀ ਜਾਣਦੇ ਸਨ ਕਿ ਹਰ ਜੀਵ ਕੁਦਰਤ ਦੇ ਸਰਬ ਵਿਆਪਕ ਵਿਧਾਨ ਅਨੁਸਾਰ ਨੱਚਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਵੰਨ-ਸੁਵੰਨਤਾ ਚੇਤਨਾ ਦੇ ਵੱਖ-ਵੱਖ ਖੰਡਾਂ ਵਿਚ ਥਰਥਰਾਉਂਦੀ ਇਕੋ ਇਕ ਸਤਾ ਹੈ। (੧)

ਪਹਿਲ ਪੁਰਸਾਬਿਰਾ ॥

ਪਹਿਲਾਂ, ਮੁੱਢਲਾ ਤੱਤਸਾਰ ਪ੍ਰਗਟ ਹੁੰਦਾ ਹੈ। ਇਹ ਭਾਵ ਕਿਸੇ ਵੀ ਭੌਤਿਕ ਪਸਾਰੇ ਤੋਂ ਪਹਿਲਾਂ ਦੀ ਅਵਸਥਾ ਨੂੰ ਦਰਸਾਉਂਦਾ ਹੈ, ਜਿਸ ਵਿਚ ਬ੍ਰਹਿਮੰਡੀ ਚੇਤਨਾ ਦਾ ਸਿਧਾਂਤ, ਜਿਸਨੂੰ ਪੁਰਸ਼ ਕਿਹਾ ਜਾਂਦਾ ਹੈ, (ਅਬੀਰ) ਆਦਿ ਸ਼ਕਤੀ ਦੇ ਰੂਪ ਵਿਚ ਉਭਰਦਾ ਹੈ।

ਅਥੋਨ ਪੁਰਸਾਦਮਰਾ ॥

ਇਸ ਤੋਂ ਬਾਅਦ, ਮੁੱਢਲਾ ਤੱਤਸਾਰ ਜੀਵਨ ਰੂਪ ਦੇ ਵਿਚ ਪ੍ਰਗਟ ਹੁੰਦਾ ਹੈ। ਇਹ ਭਾਵ ਭੌਤਿਕ ਪਸਾਰੇ ਦੀ ਅਵਸਥਾ ਨੂੰ ਦਰਸਾਉਂਦਾ ਹੈ, ਜਿਸ ਵਿਚ ਬ੍ਰਹਿਮੰਡੀ ਚੇਤਨਾ ਦਾ ਸਿਧਾਂਤ, ਜਿਸਨੂੰ ਪੁਰਸ਼ ਕਿਹਾ ਜਾਂਦਾ ਹੈ, ਸਾਹ (ਦਮਾਰਾ) ਰਾਹੀਂ ਉਭਰਦਾ ਹੈ।

ਅਸਗਾ ਅਸ ਉਸਗਾ ॥

ਸਾਡੀ ਹੋਂਦ ਦਾ ਹਰ ਪਹਿਲੂ ਆਦਿ ਸਤਾ ਦਾ ਇਕ ਹਿੱਸਾ ਹੈ। ਇਹ ਭਾਵ ਅਦਵੈਤ ਦੇ ਸਿਧਾਂਤ ਨੂੰ ਦਰਸਾਉਂਦਾ ਹੈ, ਜਿਸ ਰਾਹੀਂ ਉਹ ਸੂਝ ਪ੍ਰਾਪਤ ਹੁੰਦੀ ਹੈ ਕਿ ਸਿਰਜਣਹਾਰ ਅਤੇ ਸ੍ਰਿਸ਼ਟੀ ਇਕ ਹਨ; ਕੁਝ ਵੀ ਹੋਂਦ ਦੇ ਖੇਤਰ ਤੋਂ ਬਾਹਰ ਨਹੀਂ ਹੈ।

ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥੧॥ ਰਹਾਉ ॥

ਹੋਂਦ, ਇਕ ਬਾਗ਼ ਦੀ ਤਰ੍ਹਾਂ ਹੈ, ਜੋ ਸਰਬ-ਵਿਆਪੀ ਸਤਾ ਰਾਹੀਂ ਰਚੀ ਹੋਈ ਹੈ, ਅਤੇ ਇਹ ਤੱਤ ਰਹਟ ਵਾਂਗ ਇਕ ਲੈ ਵਿਚ ਗਿੜਦੇ ਹੋਏ ਆਪਣੇ ਮੂਲ ਸਰੋਤ ਤੋਂ ਜੀਵਨ ਰੂਪੀ ਪਾਣੀ ਭਰਦਾ ਰਹਿੰਦੇ ਹਨ। ਇਹ ਦ੍ਰਿਸ਼ਟਾਂਤ ਜੀਵਨ ਦੀ ਇਕ ਅਜਿਹੀ ਵਿਧੀ ਨੂੰ ਦਰਸਾਉਂਦਾ ਹੈ ਜਿਸ ਵਿਚ ਚੇਤਨਾ ਦਾ ਉਦਭਵ ਅਤੇ ਸਰੋਤ ਇਕ ਏਕਮ ਸੰਗਠਿਤ ਸਤਾ ਤੋਂ ਪੈਦਾ ਹੁੰਦਾ ਹੈ। (੧)(ਠਹਿਰਾਉ)

ਨਾਚੰਤੀ ਗੋਪੀ ਜੰਨਾ ॥

ਨਰ ਅਤੇ ਮਾਦਾ ਗੁਣ ਸੁਰਤਾਲ ਵਿਚ ਵਹਿੰਦੇ ਹਨ। ਇਹ ਖੇਡ ਸਰਬ-ਵਿਆਪੀ ਊਰਜਾ ਦੇ ਲਿੰਗ ਰਹਿਤ ਤੱਤਸਾਰ ਦੀ ਪ੍ਰਤੀਕ ਹੈ।

ਨਈਆ ਤੇ ਬੈਰੇ ਕੰਨਾ ॥

ਸਰਬਵਿਆਪੀ ਤੱਤਸਾਰ ਦੇ ਵਿਧਾਨ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ। ਇਹ ਭਾਵ ਚੇਤਨਾ ਨੂੰ ਨਿਰਲੇਪ ਨਿਰੀਖਕ ਵਜੋਂ ਦਰਸਾਉਂਦਾ ਹੈ: ਭਾਵੇਂ ਇੰਦ੍ਰੀਆਂ ਪ੍ਰਤੀਕਿਰਿਆ ਕਰਦੀਆਂ ਰਹਿਣ, ਇਸ ਸਤਾ ਸਥਿਰ ਅਤੇ ਇਸ ਦੇ ਪ੍ਰਭਾਵ ਤੋਂ ਮੁਕਤ ਰਹਿੰਦੀ ਹੈ।

ਤਰਕੁ ਨ ਚਾ ॥

ਤਰਕਪੂਰਨ ਸੰਵਾਦ ਦੀ ਕਦਰ ਨਹੀਂ ਕੀਤੀ ਜਾਂਦੀ। ਇਹ ਭਾਵ ਅਜਿਹੀ ਮਨੋਬਿਰਤੀ ਨੂੰ ਦਰਸਾਉਂਦਾ ਹੈ ਜੋ ਨਾ ਤਾਂ ਵਿਸ਼ਲੇਸ਼ਣਾਤਮਕ ਸੋਚ ਨੂੰ ਤਰਜੀਹ ਦਿੰਦਾ ਹੈ ਅਤੇ ਨਾ ਹੀ ਅਰਥਪੂਰਨ ਵਾਰਤਾਲਾਪ ਨੂੰ।

ਭ੍ਰਮੀਆ ਚਾ ॥

ਉਲਝਣ ਵਿਚ ਭਟਕਣ ਨੂੰ ਹੀ ਮੁੱਲਵਾਨ ਸਮਝਿਆ ਜਾਂਦਾ ਹੈ। ਇਹ ਭਾਵ ਇਕ ਅਜਿਹੀ ਮਨੋਬਿਰਤੀ ਨੂੰ ਦਰਸਾਉਂਦਾ ਹੈ ਜੋ ਸੂਝਵਾਨਤਾ ਨਾਲ ਕੁਝ ਸਿੱਖਣ ਦੀ ਬਜਾਇ ਬੇਮਕਸਦ ਸੰਦੇਹ ਅਤੇ ਭਟਕਣਾਂ ਵਿਚ ਹੀ ਫਸੀ ਰਹਿੰਦੀ ਹੈ।

ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥੨॥

ਸਰਬ ਵਿਆਪਕ ਚੇਤਨਾ ਦੇ ਤੱਤਸਾਰ ਦੁਆਰਾ, ਮੈਨੂੰ ਅਹਿਸਾਸ ਹੁੰਦਾ ਹੈ ਕਿ ਮੈਂ ਅਤੇ ਕੋਈ ਹੋਰ ਇਕ ਹੀ ਹਾਂ। ਇਹ ਭਾਵ ਜਾਗ੍ਰਿਤੀ ਨੂੰ ਦਰਸਾਉਂਦਾ ਹੈ, ਜਿੱਥੇ ਬਿਬੇਕ ਦੀ ਰਾਹਨੁਮਾਈ ਖੰਡਿਤ ਮਨ ਨੂੰ ਏਕਮ ਸਤਾ ਨਾਲ ਦੁਬਾਰਾ ਜੋੜ ਦਿੰਦੀ ਹੈ। (੨)

ਪਿੰਧੀ ਉਭਕਲੇ ਸੰਸਾਰਾ ॥

ਹਰਟ ਦੇ ਘੜਿਆਂ ਵਾਂਗ ਅਨੁਭਵ ਕਦੇ ਭਰੇ ਹੋਏ ਤੇ ਕਦੇ ਖਾਲੀ ਹੁੰਦੇ ਹਨ। ਇਹ ਭਾਵ ਮਨੁੱਖੀ ਮਨ ਦੇ ਉਸ ਵਿਰੋਧੀ ਸੁਭਾ ਨੂੰ ਦਰਸਾਉਂਦਾ ਹੈ ਜਿੱਥੇ ਸਾਡੀਆਂ ਧਾਰਣਾਵਾਂ ਹੀ ਸਾਡੇ ਜੀਵਨ ਦੇ ਅਨੁਭਵ ਦੀ ਗੁਣਵੱਤਾ ਨੂੰ ਨਿਰਧਾਰਤ ਕਰਦੀਆਂ ਹਨ।

ਭ੍ਰਮਿ ਭ੍ਰਮਿ ਆਏ ਤੁਮ ਚੇ ਦੁਆਰਾ ॥

ਹੇ ਅੰਤਰੀਵੀ ਚੇਤਨਾ, ਉਲਝਣਾਂ ਦੇ ਚੱਕਰਾਂ ਵਿਚ ਭਟਕਦਾ ਹੋਇਆ, ਮੈਂ ਤੁਹਾਡੇ ਦਰ 'ਤੇ ਆਇਆ ਹਾਂ। ਇਹ ਭਾਵ ਸੰਦੇਹ ਅਤੇ ਅਗਿਆਨਤਾ ਦੇ ਅਕੇਵੇਂ ਤੋਂ ਬਾਅਦ ਆਪਣੇ ਅਸਲ ਸਰੂਪ ਵੱਲ ਵਾਪਸ ਪਰਤਣ ਦਾ ਪ੍ਰਤੀਕ ਹੈ।

ਤੂ ਕੁਨੁ ਰੇ ॥

"ਤੂੰ ਕੌਣ ਹੈਂ?" ਇਹ ਸਵਾਲ ਗੰਭੀਰ ਰੂਪ ਵਿਚ ਕੀਤੀ ਜਾਣ ਵਾਲੀ ਸਵੈ-ਪੜਤਾਲ ਅਤੇ ਉਸ ਮਹੱਤਵਪੂਰਨ ਪਲ ਨੂੰ ਦਰਸਾਉਂਦਾ ਹੈ ਜਦੋਂ ਆਪਾ, ਹਉਮੈ ਦਾ ਸਾਹਮਣਾ ਕਰਦਾ ਹੈ।

ਮੈ ਜੀ ॥

ਮੈਂ ਇੱਕ ਜੀਵ ਹਾਂ। ਇਹ ਭਾਵ ਖੁਦ ਨੂੰ ਨਿਮਰਤਾ ਸਹਿਤ ਸਵਿਕਾਰ ਕਰਦਿਆਂ ਹੋਂਦ ਦੀ ਜਾਗਰੂਕਤਾ ਵੱਲ ਇਸ਼ਾਰਾ ਕਰਦਾ ਹੈ।

ਨਾਮਾ ॥

ਨਾਮਦੇਵ। ਨਾਮ ਜਾਂ ਸਰੀਰਕ ਰੂਪ ਵਿਚ ਮਿਲੀ ਇਹ ਪਛਾਣ ਉਨ੍ਹਾਂ ਖਾਸ ਭੂਮਿਕਾਵਾਂ ਵੱਲ ਇਸ਼ਾਰਾ ਕਰਦੀ ਹੈ ਜੋ ਅਸੀਂ ਆਪਣੇ ਜੀਵਨ ਦੇ ਸਫ਼ਰ ਦੌਰਾਨ ਨਿਭਾਉਂਦੇ ਹਾਂ।

ਹੋ ਜੀ ॥

ਮੈਂ ਇਕ ਜੀਵ ਦੇ ਰੂਪ ਵਿਚ ਪ੍ਰਗਟ ਹੋਇਆ ਹਾਂ। ਇਹ ਭਾਵ ਸੀਮਤ ਭੌਤਿਕ ਹੋਂਦ ਅਤੇ ਅਨੰਤ ਚੇਤਨਾ ਦੀ ਸਵੀਕ੍ਰਿਤੀ ਨੂੰ ਦਰਸਾਉਂਦਾ ਹੈ।

ਆਲਾ ਤੇ ਨਿਵਾਰਣਾ ਜਮ ਕਾਰਣਾ ॥੩॥੪॥

ਹੋਂਦ ਵਿਚ ਆਉਣ ਨਾਲ ਸਾਨੂੰ ਉਸ ਵਿਨਾਸ਼ਕਾਰੀ ਨਕਾਰਾਤਮਕਤਾ ਤੋਂ ਮੁਕਤ ਹੋਣਾ ਚਾਹੀਦਾ ਹੈ ਜਿਸਨੇ ਇਸਨੂੰ ਜਨਮ ਦਿੱਤਾ ਹੈ। ਇਹ ਭਾਵ ਉਸ ਅਗਿਆਨਤਾ ਨੂੰ ਦੂਰ ਕਰਨ ਦੀ ਜਾਚਨਾ ਕਰਦਾ ਹੈ ਜੋ ਰੂਹਾਨੀਅਤ ਅਤੇ ਮਨੋਵਿਗਿਆਨਕ ਜਨਮ-ਮਰਨ ਦੇ ਗੇੜ ਨੂੰ ਕਾਇਮ ਰੱਖਦਾ ਹੈ। (੩)(੪)

**ਤੱਤ:** ਭਗਤ ਨਾਮਦੇਵ ਅੰਤਰੀਵੀ ਪੜਚੋਲ ਦੀ ਮਹੱਤਤਾ ਉੱਤੇ ਜ਼ੋਰ ਦਿੰਦੇ ਹਨ। ਉਨ੍ਹਾਂ ਦਾ ਪ੍ਰਸ਼ਨ "ਤੂੰ ਕੌਣ ਹੈਂ?" ਸਵੈ-ਪੜਤਾਲ ਲਈ ਪ੍ਰੇਰਿਤ ਕਰਦਾ ਹੈ ਅਤੇ ਸਾਨੂੰ ਆਪਣੀ ਹਉਮੈਂ ਅਤੇ ਬਣਾਵਟੀ ਪਹਿਚਾਣ ਨਾਲ ਹੋਣ ਵਾਲੇ ਲਗਾਵ ਬਾਰੇ ਪ੍ਰਸ਼ਨ ਕਰਨ ਲਈ ਉਤਸ਼ਾਹਿਤ ਕਰਦਾ ਹੈ। ਇਹ ਖੋਜ ਉਸ ਅਸਲ ਸਰੂਪ ਨਾਲ ਜੋੜਦੀ ਹੈ ਜੋ ਅਸਥਾਈ ਪਹਿਚਾਣਾਂ ਤੋਂ ਪਰੇ ਹੈ। "ਮੈਂ ਇੱਕ ਜੀਵ ਹਾਂ" ਦੀ ਪਹਿਚਾਣ ਹੋਂਦ ਪ੍ਰਤੀ ਜਾਗਰੂਕਤਾ ਦਾ ਪਹਿਲਾ ਸੰਕੇਤ ਹੈ, ਅਤੇ ਜਦੋਂ ਅਸੀਂ ਇਹ ਸਮਝ ਜਾਂਦੇ ਹਾਂ ਕਿ ਭੌਤਿਕ ਰੂਪ ਬਿਨਸਨਹਾਰ ਹੈ, ਤਾਂ ਸਾਨੂੰ ਸਾਡੀ ਹੋਂਦ ਬਾਰੇ ਸਪਸ਼ਟਤਾ ਹੋ ਜਾਂਦੀ ਹੈ। ਨਕਾਰਾਤਮਕਤਾ ਅਤੇ ਅਗਿਆਨਤਾ ਤੋਂ ਉੱਪਰ ਉੱਠਣ ਦੀ ਇਹ ਇੱਛਾ ਮਨੁੱਖ ਦੀ ਉਸ ਖੋਜ ਨਾਲ ਜੁੜੀ ਹੋਈ ਹੈ ਜਿਸ ਰਾਹੀਂ ਉਹ ਮਨੋਵਿਗਿਆਨਕ ਅਤੇ ਰੂਹਾਨੀ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਪਾਉਣਾ ਚਾਹੁੰਦਾ ਹੈ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ: [OnenessInDiversity.com](OnenessInDiversity.com)**

**ਈਮੇਲ: onenessindiversityfoundation@gmail.com**